# BUDHA DAL PUBLIC SCHOOL PATIALA
## First Term Examination (9 September 2024)
**Class - VI**
**Paper - Punjabi**
**Set - A**

**Time: 3 hrs.** **MM: 80**

**ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।**

**ਪੜ੍ਹਨ-ਕੌਸ਼ਲ**

**1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (5×1=5)

ਮੇਰਾ ਭਾਰਤ ਦੇਸ਼ ਮਹਾਨ ਹੈ। ਇਸ ਦੇ 28 ਰਾਜ ਹਨ। ਇਸ ਦੇ ਨੌਂ ਕੇਂਦਰ ਸ਼ਾਸਤ ਪ੍ਰਦੇਸ਼ ਹਨ। ਇਸ ਦੀ ਰਾਜਧਾਨੀ ਦਿੱਲੀ ਹੈ। ਦਿੱਲੀ, ਮੁੰਬਈ, ਚੇਨਈ, ਕੋਲਕਾਤਾ ਇਸ ਦੇ ਮਹਾਂਨਗਰ ਅਖਵਾਉਂਦੇ ਹਨ। ਇਸ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਹਨ। ਇਸ ਦੇ ਰਾਸ਼ਟਰਪਤੀ ਦਾ ਨਾਂ ਸ੍ਰੀ ਦ੍ਰੋਪਦੀ ਮੁਰਮੂ ਹੈ। ਮੇਰਾ ਦੇਸ਼ ਇੱਕ ਸ਼ਾਂਤੀ-ਪਸੰਦ ਦੇਸ਼ ਹੈ। ਗੁਆਂਢੀ ਰਾਜ ਪਾਕਿਸਤਾਨ ਅਤੇ ਚੀਨ ਵਿੱਚ ਹਿੰਸਾ ਫੈਲਾਉਣ ਦੀ ਕੋਸ਼ਿਸ਼ ਕਰਦੇ ਹਨ। ਪਾਕਿਸਤਾਨ ਕਈ ਵਾਰ ਭਾਰਤ ਕੋਲੋਂ ਯੁੱਧ ਵਿੱਚ ਹਾਰ ਚੁੱਕਾ ਹੈ, ਫਿਰ ਵੀ ਬਾਜ ਨਹੀਂ ਆਉਂਦਾ। ਮੇਰੇ ਦੇਸ਼ ਦਾ ਝੰਡਾ ਤਿਰੰਗਾ ਹੈ। ਇਸ ਤਿਰੰਗੇ ਦੀ ਸ਼ਾਨ ਦੀ ਖ਼ਾਤਰ ਹਰੇਕ ਦੇਸ਼-ਵਾਸੀ ਜਾਨ ਦੀ ਬਾਜ਼ੀ ਲਗਾਉਣ ਲਈ ਤਿਆਰ ਰਹਿੰਦਾ ਹੈ।

ੳ) ਭਾਰਤ ਵਿੱਚ ਕਿੰਨੇ ਰਾਜ ਹਨ?
ਅ) ਭਾਰਤ ਦੀ ਰਾਜਧਾਨੀ ਕਿਹੜੀ ਹੈ?
ੲ) ਭਾਰਤ ਦੇ ਕੋਈ ਦੋ ਮਹਾਂਨਗਰਾਂ ਦੇ ਨਾਮ ਲਿਖੋ।
ਸ) ਭਾਰਤ ਦੇ ਰਾਸ਼ਟਰਪਤੀ ਦਾ ਨਾਂ ਲਿਖੋ।
ਸ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**2) ਹੇਠ ਲਿਖੇ ਚਿੱਤਰ ਨੂੰ ਵੇਖ ਕੇ ਆਪਣੇ ਵਿਚਾਰ 40-50 ਸ਼ਬਦਾਂ ਵਿੱਚ ਲਿਖੋ।** (5×1=5)



## ਵਿਆਕਰਨ

1) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ: (4)

ੳ) ਉੱਨੀ ਇੱਕੀ ਦਾ ਫ਼ਰਕ

ਅ) ਅੱਗ ਵਰ੍ਹਨੀ

ੲ) ਅੱਖਾਂ ਦਾ ਤਾਰਾ

ਸ) ਇੱਟ ਕੁੱਤੇ ਦਾ ਵੈਰ

2) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ: (3)

ੳ) ਭਾਰਤ ਦੇ ਵਸਨੀਕ

ਅ) ਸਭ ਨੂੰ ਪਿਆਰਾ ਲੱਗਣ ਵਾਲਾ

ੲ) ਲੱਕੜ ਦੇ ਸੰਦ ਬਣਾਉਣ ਵਾਲਾ

3) ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ: (3)

ਅਮੀਰ, ਉਜਾਲਾ, ਆਦਰ

4) ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (2)

ਉਪ, ਹਮ

5) ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (2)

ਕਾਰ, ਊ

6) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ: (4×½=2)

ਪਿੰਡ, ਸੜਕ, ਸਲੇਟ, ਪਿਆਰਾ

7) ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ: (4×½=2)

ਅਸਲੀ, ਕੀਮਤੀ, ਚੁਸਤ, ਉੱਠਣਾ

8) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (4×½=2)

ਗਿਨਤੀ, ਜਾਨਾ, ਬਾਜ਼ਾਰ, ਮੰਦਿਰ

9) ਹੇਠ ਲਿਖੇ ਵਾਕਾਂ ਵਿੱਚੋਂ ਨਾਂਵ ਸ਼ਬਦ ਚੁਣ ਕੇ ਉਸਦੀ ਕਿਸਮ ਲਿਖੋ: (2)

ੳ) ਮੁੰਡਾ ਪੜ੍ਹ ਰਿਹਾ ਹੈ।

ਅ) ਅੱਜ ਬਹੁਤ ਗਰਮੀ ਹੈ।

10) ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਸ਼ਬਦ ਚੁਣ ਕੇ ਉਸਦੀ ਕਿਸਮ ਲਿਖੋ: (2)

ੳ) ਤੁਹਾਡਾ ਨਾਂ ਕੀ ਹੈ?

ਅ) ਮੈਂ ਡਾਕਟਰ ਹਾਂ।

11) ਹੇਠ ਲਿਖੇ ਵਾਕਾਂ ਵਿੱਚ ਲੋੜੀਂਦੇ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ: (2)

ੳ) ਦਾਦਾ ਜੀ ਸੈਰ ਕਰ ਰਹੇ ਹਨ

ਅ) ਮੈਨੂੰ ਲਾਲ ਨੀਲਾ ਅਤੇ ਹਰਾ ਰੰਗ ਪਸੰਦ ਹੈ

A-2

## ਪਾਠ-ਪੁਸਤਕ 'ਤੇ ਅਧਾਰਤ

**1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ। (ਕੋਈ ਛੇ):** (6×1=6)

ੳ) ਸਾਰੇ ਲੋਕ ਧਨੀ ਰਾਮ ਨੂੰ ਕੀ ਕਹਿੰਦੇ ਸਨ?

ਅ) ਆਫ਼ਤਾਬ ਕਿਹੋ ਜਿਹਾ ਸ਼ਿਕਾਰੀ ਸੀ?

ੲ) ਲਾਲ ਕਿਲ੍ਹੇ ਦੇ ਨੇੜੇ ਕਿਹੜਾ ਗੁਰਦੁਆਰਾ ਹੈ?

ਸ) ਹਵਾ ਦਾ ਸੁਭਾਅ ਕਿਹੋ ਜਿਹਾ ਹੈ?

ਹ) ਕਿਸਾਨ ਨੇ ਆਪਣੇ ਪਹਿਲੇ ਪੁੱਤਰ ਨੂੰ ਕੀ ਕਰਨ ਲਈ ਕਿਹਾ?

ਕ) ਘੜੀ ਕੀ ਦੱਸਦੀ ਹੈ?

ਖ) ਦੂਸਰੀ ਵਾਰ ਚੋਰਾਂ ਦਾ ਹੱਥ ਕਿਸ 'ਤੇ ਪੈ ਗਿਆ?

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿੱਚ ਦਿਓ: (ਕੋਈ ਪੰਜ)** (5×2=10)

ੳ) ਸ਼ਿਕਾਰੀ ਨੂੰ ਕੀ ਸ਼ੌਂਕ ਸੀ?

ਅ) ਕਿਸ ਦਾ ਪਰਿਵਾਰ ਸੁਖੀ ਪਰਿਵਾਰ ਸੀ? ਕਿਸਾਨ ਦਾ ਜਾਂ ਸੁਖ ਰਾਮ ਦਾ?

ੲ) ਅੱਜ-ਕੱਲ੍ਹ ਸਮਾਂ ਦੇਖਣ ਲਈ ਕਿਹੜੀ-ਕਿਹੜੀ ਘੜੀ ਵਰਤੋਂ ਵਿੱਚ ਆਉਂਦੀ ਹੈ?

ਸ) ਗੁਰਦੁਆਰਾ ਸੀਸ ਗੰਜ ਸਾਹਿਬ ਦਾ ਸੰਖੇਪ ਇਤਿਹਾਸ ਲਿਖੋ।

ਹ) "ਕਿੱਥੇ ਗਈ ਹਵਾ?" ਇਸ ਤੋਂ ਕਵੀ ਦਾ ਕੀ ਭਾਵ ਹੈ?

ਕ) "ਪਰਿਵਾਰ ਦਾ ਏਕਾ" ਕਹਾਣੀ ਤੋਂ ਵੀ ਸਿੱਖਿਆ ਮਿਲਦੀ ਹੈ?

**3) ਖਾਲੀ ਥਾਵਾਂ ਭਰੋ:** (4×1=4)

ੳ) ਮਹਾਵਤ ................ ਉੱਪਰ ਬੈਠਾ ਸੀ।

ਅ) ਹਵਾ ਨੂੰ ................ ਨਹੀਂ ਹੈ।

ੲ) ਉਹਨਾਂ ਨੂੰ ਆਪਣੀ ਮਿਹਨਤ ਤੇ ਏਕੇ .............. ਵਿਸ਼ਵਾਸ ਸੀ।

ਸ) ਛਿੱਕਾ ਮਾਰ ਕੇ ............... ਕੀਤੇ ਕੁਨਬਾ ਖ਼ੂਬ ਜਗਾਇਆ।

**4) ਹੇਠ ਲਿਖੇ ਵਾਕਾਂ ਵਿੱਚ ਸਹੀ ਵਾਕ ਅੱਗੇ ਸਹੀ ਅਤੇ ਗਲਤ ਵਾਕ ਅੱਗੇ ਗਲਤ ਦਾ ਨਿਸ਼ਾਨ ਲਗਾਓ:** (4×½=2)

ੳ) ਹਵਾ ਜੀਵਨ ਨੂੰ ਗਤੀ ਦਿੰਦੀ ਹੈ।

ਅ) ਧਨੀ ਰਾਮ ਖ਼ੂਬ ਦਾਨ ਕਰਦਾ ਸੀ।

ੲ) ਦਿਓ ਨੇ ਸੁਖਰਾਮ ਤੋਂ ਮੁਆਫ਼ੀ ਮੰਗੀ।

ਸ) ਸ਼ਿਕਾਰੀ ਨੇ ਸ਼ਰਤ ਜਿੱਤ ਲਈ।

**5) ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ:** (2×1=2)

ੳ) "ਤੂੰ ਮੈਨੂੰ ਨਹੀਂ ਬੰਨ੍ਹ ਸਕਦਾ।"

ਅ) "ਐਂਵੇ ਆਪਣੇ ਹਾਥੀ ਦਾ ਬਹੁਤ ਮਾਣ ਨਾ ਕਰ, ਸਾਡੀ ਚਿੜੀ ਵੀ ਕਿਸੇ ਕੋਲੋਂ ਘੱਟ ਨਹੀਂ।"

6) **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ: (ਕੋਈ ਚਾਰ)** (4)

ਮਿਹਨਤ, ਦਲੇਰ, ਦੇਸ਼, ਪਾਈ-ਪਾਈ, ਮਿੱਟੀ

## ਲਿਖਣ-ਕੌਸ਼ਲ

1) **ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ।** (8)

**ਸ੍ਰੀ ਗੁਰੂ ਨਾਨਕ ਦੇਵ ਜੀ**

ਨੁਕਤੇ -

ਜਾਣ-ਪਛਾਣ, ਜਨਮ ਤੇ ਬਚਪਨ, ਵਿੱਦਿਆ, ਸੱਚਾ ਸੌਦਾ, ਮੋਦੀਖਾਨੇ ਵਿੱਚ ਨੌਕਰੀ, ਗਿਆਨ ਦੀ ਪ੍ਰਾਪਤੀ, ਵਿਆਹ, ਚਾਰ ਉਦਾਸੀਆਂ, ਮਹਾਨ ਕਵੀ ਤੇ ਸੰਗੀਤਕਾਰ, ਜੋਤੀ ਜੋਤ ਸਮਾਉਣਾ।

**ਜਾਂ**

**ਪੰਦਰਾ ਅਗਸਤ**

ਨੁਕਤੇ -

ਜਾਣ-ਪਛਾਣ, ਭਾਰਤੀਆਂ ਦਾ ਗੁਲਾਮੀ ਵਿਰੁੱਧ ਸੰਘਰਸ਼, 15 ਅਗਸਤ ਦਾ ਸਮਾਗਮ, ਸਾਡੇ ਕਰਤੱਬ, 15 ਅਗਸਤ ਦਾ ਸੰਦੇਸ਼।

2) ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਜ਼ਰੂਰੀ ਕੰਮ ਲਈ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ। (8)

**ਜਾਂ**

ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਜੀ ਨੂੰ ਬਿਮਾਰੀ ਦੀ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ।